- **ਜੰਗੇ ਬਦਰ ਦੇ ਹਵਾਲੇ ਨਾਲ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਜੀਵਨੀ ਦਾ ਜ਼ਿਕਰ**
- **ਮਿਡਲ ਈਸਟ ਵਿਚੱ ਵਿਸ਼ਵ ਯੁਧੱ ਵਾਲੇ ਹਾਲਾਤ, ਖ਼ਾਸ ਦੁਆਵਾਂ ਦੀ ਤਹਰੀਕ**

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ**
**ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 27 ਅਕਤੁਬਰ 2023 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُولُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۔ بِسْمِ اللّٰهِ الرَّحْمٰنِ الرَّحِيْمِ ۔ اَلْحَمْدُ لِلّٰهِ رَبِّ الْعٰلَمِيْنَ ۔ الرَّحْمٰنِ الرَّحِيْمِ ۔ مٰلِكِ يَوْمِ الدِّيْنِ ۔ إِيَّاكَ نَعْبُدُ وَإِيَّاكَ نَسْتَعِيْنُ ۔ اِهْدِنَا الصِّرَاطَ الْمُسْتَقِيْمَ ۔ صِرَاطَ الَّذِيْنَ أَنْعَمْتَ عَلَيْهِمْ ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁਦੱ, ਤਾਉਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦਾ ਜ਼ਿਕਰ ਹੋ ਰਿਹਾ ਸੀ। ਰਵਾਯਤਾਂ ਵਿਚੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦਾ ਆਪਣੀ ਬੇਟੀ ਅਤੇ ਜਵਾਈ ਨੂੰ ਤਹਜੁਦ ਦੀ ਨਮਾਜ਼ ਵਲੱੁ ਧਿਆਨ ਦੁਆਉਣ ਦਾ ਬੁਖ਼ਾਰੀ ਵਿਚੱ ਇੰਝ ਜ਼ਿਕਰ ਹੈ ਕਿ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਬਿਆਨ ਕਰਦੇ ਹਨ ਕਿ ਇਕੱ ਦਿਨ ਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਉਹਨਾਂ ਦੇ ਅਤੇ ਹਜ਼ਰਤ ਫ਼ਾਤਮਾ ਰਜ਼ੀ ਅੱਲਾਹ ਅੰਨਹਾ ਦੇ ਘਰ ਗਏ ਅਤੇ ਪੁਛਿੱਆ ਕਿ ਕੀ ਤੁਸੀਂ ਨਮਾਜ਼ (ਤਹਜੁਦ) ਨਹੀਂ ਪੜ੍ਹਦੇ ? ਤਾਂ ਉਸ ਉੱਤੇ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਨੇ ਉੱਤਰ ਦਿੱਤਾ ਕਿ ਸਾਡੀ ਜਾਨ ਰਬੱ ਦੇ ਹਥੱ ਵਿਚੱ ਹੈ। ਜਦੱ ਉਹ ਚਾਹੁੰਦਾ ਹੈ ਤਾਂ ਸਾਨੂੰ ਜਗ੍ਹਾ ਦਿੰਦਾ ਹੈ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਕੋਈ ਉਤੱਰ ਨਹੀਂ ਦਿੱਤਾ ਅਤੇ ਵਾਪਸ ਚਲੇ ਗਏ ਅਤੇ ਵਾਪਸ ਜਾਂਦੇ ਹੋਏ ਫ਼ਰਮਾ ਰਹੇ ਸਨ ਕਿ ਮਨੁਖੱ ਸਭ ਤੋਂ ਵਧੱ ਬਹਿਸਣ ਵਾਲਾ ਹੈ।

ਹਜ਼ਰਤ ਮੁਸਲੇਹ ਮੌਊਦ ਰਜ਼ੀ ਅੱਲਾਹ ਅੰਨਹੋ ਇਸ ਕਿੱਸੇ ਦਾ ਜ਼ਿਕਰ ਕਰਕੇ ਫ਼ਰਮਾਉਂਦੇ ਹਨ ਕਿ ਇਕੱ ਮੌਕੇ ਉੱਤੇ ਜਦੱ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਨੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਅਜਿਹਾ ਉਤੱਰ ਦਿੱਤਾ। ਜਿਸ ਵਿਚੱ ਬਹਿਸ ਅਤੇ ਮੁਕਾਬਲੇ ਦਾ ਰੰਗ ਪਾਇਆ ਜਾਂਦਾ ਸੀ। ਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਨੇ ਨਾਰਾਜ਼ ਹੋਣ ਜਾਂ ਗੁੱਸਾ ਹੋਣ ਦੀ ਥਾਂ ਅਜਿਹਾ ਸੋਹਣਾ ਢੰਗ ਚੁਣਿਆ ਕਿ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਸ਼ਾਇਦ ਆਪਣੀ ਉਮਰ ਦੇ ਅੰਤ ਤਕੱ ਇਸ ਦਾ ਆਨੰਦ ਮਾਣਦੇ ਰਹੇ ਹੋਣਗੇ। ਉਹਨਾਂ ਨੇ ਜੋ ਆਨੰਦ ਮਾਣਿਆ ਹੋਵੇਗਾ। ਉਹ ਤਾਂ ਉਹਨਾਂ ਦਾ ਹੀ ਹਕੱ ਸੀ। ਹੁਣ ਵੀ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਇਸ ਪ੍ਰਕਟਾਵੇ ਨਾਲ ਹਰ ਇਕੱ ਸੁਜਾਖਾ ਹੈਰਾਨ ਹੋ ਜਾਂਦਾ ਹੈ। ਫ਼ਰਮਾਇਆ : ਹਕੀਕਤ ਵਿਚੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦਾ ਇਹ ਕਹਿ ਦੇਣਾ। ਆਪਣੇ ਅੰਦਰ ਅਜਿਹੇ ਲਾਭ ਰਖੱਦਾ ਹੈ ਕਿ ਉਸ ਦਾ ਦਸਵਾਂ ਭਾਗ ਵੀ ਕਿਸੇ ਹੋਰ ਦੀ ਸੌ ਬਹਿਸਾਂ ਨਾਲ ਨਹੀਂ ਹੋ ਸਕਦਾ।

ਫ਼ਰਮਾਇਆ : ਇਸ ਹਦੀਸ ਤੋਂ ਸਾਨੂੰ ਬਹੁਤ ਸਾਰੀਆਂ ਗੱਲ੍ਹਾਂ ਮਾਲੂਮ ਹੁੰਦੀਆਂ ਹਨ। ਜਿੰਨ੍ਹਾਂ ਨਾਲ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਆਚਰਣ ਦੇ ਵਖੱ ਵਖੱ ਪਹਿਲੂਆਂ ਉੱਤੇ ਰੌਸ਼ਨੀ ਪੈਂਦੀ ਹੈ ਅਤੇ ਇੱਥੇ ਉਹਨਾਂ ਦਾ ਜ਼ਿਕਰ ਕਰਾਂਗਾ।

ਪਹਿਲਾਂ ਤਾਂ ਇਹ ਪਤਾ ਲਗੱਦਾ ਹੈ ਕਿ ਆਪ ਸਲੱਲਾਹੋ ਅਲੈਹਿ ਵਸਲੱਮ ਨੂੰ ਅਧਿਆਤਮਿਕਤਾ ਦਾ ਕਿੱਥੇ ਤਕੱ ਖ਼ਿਆਲ ਸੀ ਕਿ ਰਾਤ ਨੂੰ ਫ਼ਿਰ ਫ਼ਿਰ ਕੇ ਆਪਣੇ ਕਰੀਬੀਆਂ ਦਾ ਖ਼ਿਆਲ ਰਖੱਦੇ ਸਨ। ਬਹੁਤ ਲੋਕ ਹੁੰਦੇ ਹਨ ਜੋ ਆਪ ਤਾਂ ਨੇਕ ਹੁੰਦੇ ਹਨ। ਲੋਕਾਂ ਨੂੰ ਵੀ ਨੇਕੀ ਦੀ ਸਿਖਿੱਆ ਦਿੰਦੇ ਹਨ। ਪਰ ਉਹਨਾਂ ਦੇ ਘਰਾਂ ਦਾ ਹਾਲ ਖ਼ਰਾਬ ਹੁੰਦਾ ਹੈ। ਸਿਖੱਲਾਈ ਇਕੱ ਅਜਿਹਾ ਉਚੱਤਮ ਜੌਹਰ ਹੈ। ਜੋ ਜੇਕਰ ਆਪ ਸਲੱਲਾਹੋ ਅਲੈਹਿ ਵਸਲੱਮ ਵਿਚੱ ਨ ਹੁੰਦਾ ਤਾਂ ਆਪ ਦੇ ਆਚਰਣ ਵਿਚੱ ਇਕੱ ਕੀਮਤੀ ਚੀਜ਼ ਦੀ ਕਮੀ ਰਹਿ ਜਾਂਦੀ। ਪਰ ਆਪ ਕਿਉਂਕਿ ਉਚੱਤਮ ਆਚਰਣ ਉੱਤੇ ਕਾਯਮ ਸਨ। ਇਸ ਲਈ ਇਹ ਜੌਹਰ ਵੀ ਆਪ ਵਿਚੱ ਖ਼ੂਬ ਸਨ।

ਦੂਜੀ ਗਲੱ ਇਹ ਪਤਾ ਲਗੱਦੀ ਹੈ ਕਿ ਆਪ ਸਲੱਲਾਹੋ ਅਲੈਹਿ ਵਸਲੱਮ ਨੂੰ ਇਸ ਸਿਖਿੱਆ ਉੱਤੇ ਸੰਪੂਰਨ ਵਿਸ਼ਵਾਸ ਸੀ। ਜੋ ਆਪ ਸੰਸਾਰ ਦੇ ਸਾਮ੍ਹਣੇ ਪੈਸ਼ ਕਰਦੇ ਸਨ। ਅੱਧੀ ਰਾਤ ਨੂੰ ਉਠੱ ਕੇ ਆਪ ਸਲੱਲਾਹੋ ਅਲੈਹਿ ਵਸਲੱਮ ਦਾ ਜਾਣਾ ਅਤੇ ਆਪਣੀ ਬੇਟੀ ਅਤੇ ਜਵਾਈ ਨੂੰ ਸੀਖ ਦੇਣਾ ਕਿ ਉਹ ਤਹਜੁਦ ਵੀ ਪੜ੍ਹਾ ਕਰਨ। ਉਸ ਸੰਪੂਰਨ ਵਿਸ਼ਵਾਸ ਉੱਤੇ ਦਲੀਲ ਹੈ। ਜੋ ਆਪ ਸਲੱਲਾਹੋ ਅਲੈਹਿ ਵਸਲੱਮ ਨੂੰ ਉਸ ਸਿਖਿੱਆ ਉੱਤੇ ਸੀ। ਜਿਸ ਉੱਤੇ ਆਪ ਲੋਕਾਂ ਨੂੰ ਚਲਾਉਣਾ ਚਾਹੁੰਦੇ ਸਨ। ਨਹੀਂ ਤਾਂ ਇਕੱ ਝੂੱਠਾ ਵਿਅਕਤੀ ਜੋ ਜਾਣਦਾ ਹੋਵੇ ਕਿ ਇਕੱ ਸਿਖਿੱਆ ਉੱਤੇ ਚਲਣਾ ਜਾਂ ਨ ਚਲਣਾ, ਇੱਕੋ ਜਿਹਾ ਹੈ। ਆਪਣੀ ਸੰਤਾਨ ਨੂੰ ਅਜਿਹੇ ਸਮੇਂ ਵਿਚੱ ਇਸ ਸਿਖਿੱਆ ਉੱਤੇ ਅਮਲ ਕਰਨ ਦੀ ਨਸੀਹਤ ਨਹੀਂ ਕਰ ਸਕਦਾ।

ਤੀਜੀ ਗਲੱ ਉਹੀ ਹੈ। ਜਿਸ ਦੇ ਸਬੂਤ ਵਿਚੱ ਇਹ ਕਿੱਸਾ ਬਿਆਨ ਕੀਤਾ ਗਿਆ ਹੈ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਹਰ ਇਕੱ ਗਲੱ ਨੂੰ ਸਮਝਾਉਣ ਲਈ ਸਬਰ ਸੰਤੋਖ ਨਾਲ ਕੰਮ ਲਿਆ ਕਰਦੇ ਸਨ ਅਤੇ ਲੜ੍ਹਣ ਦੀ ਥਾਂ ਪ੍ਰੇਮ ਅਤੇ ਮੁਹਬੱਤ ਨਾਲ ਕਿਸੇ ਨੂੰ ਉਸ ਦੀ ਗ਼ਲਤੀ ਉੱਤੇ ਸੂਚਿਤ ਕਰਦੇ ਸਨ। ਸੋ, ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਫ਼ਰਮਾਉਂਦੇ ਹਨ ਕਿ ਮੈਂ ਫ਼ਿਰ ਕਦੇ ਤਹਜੁਦ ਦੀ ਨਮਾਜ਼ ਨਹੀਂ ਛੱਡੀ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਇਹ ਕਿੱਸਾ ਸਾਨੂੰ ਤਹਜੁਦ ਪੜ੍ਹਣ ਸੰਬੰਧੀ ਯਾਦ ਰਖੱਣਾ ਚਾਹੀਦਾ ਹੈ ਅਤੇ ਖ਼ਾਸ ਤੌਰ ਉੱਤੇ ਮੁਰੱਬੀਆਂ ਅਤੇ ਵਾਕਫ਼ੀਨ ਜ਼ਿੰਦਗੀ ਅਤੇ ਓਹਦੇਦਾਰਾਂ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਰਾਤਾਂ ਦੀਆਂ ਦੁਆਵਾਂ ਹੀ ਹਨ। ਜੋ ਰਬੱ ਦੀਆਂ ਮਿਹਰਾਂ ਨੂੰ ਵਧੱ ਖਿਚੱਦੀਆਂ ਹਨ ਅਤੇ ਅਜੱ ਕਲੱ ਤਾਂ ਸੰਸਾਰ ਨੂੰ ਤਬਾਹੀ ਤੋਂ ਬਚਾਉਣ ਲਈ ਇਹਨਾਂ ਦੀ ਵਧੱ ਲੋੜ੍ਹ ਹੈ।

ਇਸ ਦੇ ਬਾਦ ਕਿਸਿੱਆਂ ਵਿਚੱ ਗ਼ਜ਼ਵਾਹ ਬਨੂ ਕੈਨਕਆ ਦਾ ਜ਼ਿਕਰ ਆਉਂਦਾ ਹੈ। ਇਹ ਗ਼ਜ਼ਵਾਹ ਦੋ ਹਿਜਰੀ ਵਿਚੱ ਹੋਇਆ। ਜਦੱ ਇਸਲਾਮ ਦੇ ਆਉਣ ਨਾਲ ਓਸ ਅਤੇ ਖ਼ਜ਼ਰਜ ਦੋਵੇਂ ਕਬੀਲੇ ਪੁਰਾਣੀ ਦੁਸ਼ਮਣੀਆਂ ਨੂੰ ਪਿੱਛੇ ਪਾ ਕੇ ਇਕੱ ਹੋ ਗਏ ਤਾਂ ਇਹ ਯਹੂਦੀਆਂ ਨੂੰ ਚੰਗਾ ਨ ਲਗਿੱਆ ਅਤੇ ਯਹੂਦੀਆਂ ਨੇ ਵਖੱ ਵਖੱ ਸਾਜ਼ਸ਼ਾਂ ਰਾਹੀਂ ਉਹਨਾਂ ਨੂੰ ਮੁੜ੍ਹ ਇਕੱ ਦੂਜੇ ਦੇ ਖ਼ਿਲਾਫ਼ ਉਕਸਾਉਣ ਦੀ ਕੋਸ਼ਿਸ਼ ਕੀਤੀ। ਅਜਿਹੇ ਹੀ ਇਕੱ ਮੌਕੇ ਉੱਤੇ ਓਸ ਅਤੇ ਖ਼ਜ਼ਰਜ ਦੇ ਲੋਕਾਂ ਵਿਚੱ ਬਹਿਸ ਅਤੇ ਝੜੱਪ ਇੰਨ੍ਹੀ ਵੱਧ ਗਈ ਕਿ ਗਲੱ ਲੜ੍ਹਾਈ ਦੀ ਤਿਆਰੀ ਤਕੱ ਪਹੁੰਚ ਗਈ। ਗ਼ਜ਼ਵਾਹ ਬਦਰ ਵਿਚੱ ਮੁਸਲਮਾਨਾਂ ਨੇ ਜਿਤੱ ਪ੍ਰਾਪਤ ਕੀਤੀ ਤਾਂ ਯਹੂਦੀਆਂ ਦੇ ਫ਼ਸਾਦ ਖੁਲੱ ਕੇ ਸਾਮ੍ਹਣੇ ਆ ਗਏ। ਯਹੂਦੀਆਂ ਵਿੱਚੋਂ

ਸਭ ਤੋਂ ਪਹਿਲਾਂ ਜਿਸ ਕਬੀਲੇ ਨੇ ਸੰਧੀ ਤੋੜ੍ਹੀ। ਉਹ ਬਨੂ ਕੈਨਕਆ ਸੀ। ਬਨੂ ਕੈਨਕਆ ਦੀਆਂ ਸ਼ਰਾਰਤਾਂ ਦੇ ਹਾਵਲੇ ਨਾਲ ਇਕੱ ਕਿੱਸਾ ਇਹ ਵੀ ਮਿਲਦਾ ਹੈ ਕਿ ਇਕੱ ਮੁਸਲਮਾਨ ਔਰਤ ਇਕੱ ਵਾਰ ਬਨੂ ਕੈਨਕਆ ਦੇ ਬਾਜ਼ਾਰ ਵਿਚੱ ਗਈ ਤਾਂ ਉੱਥੇ ਕੁਝੱ ਬਦਮਾਸ਼ਾਂ ਨੇ ਉਸ ਨੂੰ ਤੰਗ ਕੀਤਾ ਅਤੇ ਅਜਿਹੀ ਮੰਦੀ ਹਰਕਤ ਕੀਤੀ ਕਿ ਉਹ ਮਾਸੂਮ ਔਰਤ ਨੰਗੀ ਹੋ ਗਈ। ਪਾਸ ਹੀ ਇਕੱ ਮੁਸਲਮਾਨ ਵਿਅਕਤੀ ਲੰਘ ਰਿਹਾ ਸੀ। ਜਦੱ ਉਸ ਨੇ ਇਹ ਨਜ਼ਾਰਾ ਵੇਖਿਆ ਤਾਂ ਉਸ ਨੇ ਹਮਲਾ ਕਰਕੇ ਇਕੱ ਸ਼ਰਾਰਤੀ ਯਹੂਦੀ ਨੂੰ ਕਤਲ ਕਰ ਦਿੱਤਾ। ਇਸ ਉੱਤੇ ਬਾਕੀ ਯਹੂਦੀ ਉਸ ਮੁਸਲਮਾਨ ਉੱਤੇ ਟੁਟੱ ਪਏ ਅਤੇ ਉਸ ਨੂੰ ਸ਼ਹੀਦ ਕਰ ਦਿੱਤਾ। ਜਦੱ ਇਹ ਖ਼ਬਰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਤਕੱ ਪਹੁੰਚੀ ਤਾਂ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਯਹੂਦੀਆਂ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ। ਪਰ ਸਮਝਣ ਦੀ ਥਾਂ ਉਹਨਾਂ ਨੇ ਮੁਸਲਮਾਨਾਂ ਨੂੰ ਖੁੱਲ੍ਹੀ ਖੁੱਲ੍ਹੀ ਧਮਕੀ ਦੇਣੀ ਸ਼ੁਰੂ ਕਰ ਦਿੱਤੀ। ਉਸ ਦੇ ਬਾਦ ਯਹੂਦ ਉੱਥੋਂ ਜਾ ਕੇ ਕਿਲ੍ਹਾ ਬੰਦ ਹੋ ਗਏ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਉਹਨਾਂ ਵਲੱ ਤੁਰ ਪਏ। ਬਨੂ ਕੈਨਕਆ ਦਾ ਪੰਦਰਾ ਦਿਨ ਘੇਰਾ ਕੀਤਾ। ਇਸ ਘੇਰੇ ਤੋਂ ਤੰਗ ਆ ਕੇ ਯਹੂਦੀਆਂ ਨੇ ਮਦੀਨਾ ਤੋਂ ਨਿਕਲ ਕੇ ਸਦਾ ਲਈ ਚਲੇ ਜਾਣ ਦੀ ਬਿਨਤੀ ਕੀਤੀ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਯਹੂਦੀਆਂ ਦੀ ਇਹ ਗਲੱ ਮੰਨ ਲਈ ਅਤੇ ਬਨੂ ਕੈਨਕਆ ਨੂੰ ਮਦੀਨਾ ਤੋਂ ਚਲੇ ਜਾਣ ਦਾ ਹੁਕਮ ਦਿੱਤਾ।

ਗ਼ਜ਼ਵਾਹ ਬਨੂ ਕੈਨਕਆ ਦੀ ਤਾਰੀਖ ਬਾਰੇ ਵਿਰੋਧਤਾ ਹੈ। ਵਾਕਦੀ ਅਤੇ ਇਬਨੇ ਸਈਦ ਨੇ ਸ਼ਵਾਲ ਦੋ ਹਿਜਰੀ ਬਿਆਨ ਕੀਤੀ ਹੈ। ਇਬਨੇ ਇਸਹਾਕ ਅਤੇ ਇਬਨੇ ਹੱਸ਼ਾਮ ਨੇ ਇਸ ਨੂੰ ਗ਼ਜ਼ਵਾਹ ਸੂਵੈਕ ਦੇ ਬਾਦ ਰਖਿੱਆ ਹੈ। ਜੋ ਪੱਕੇ ਤੌਰ ਉੱਤੇ ਜ਼ਿਲੱ ਹੱਜਾ ਦੋ ਹਿਜਰੀ ਦੇ ਆਰੰਭ ਵਿਚੱ ਸ਼ੁਰੂ ਹੋਇਆ ਸੀ ਅਤੇ ਹਦੀਸ ਦੀ ਇਕੱ ਰਵਾਯਤ ਵਿਚੱ ਇਹ ਸੰਕੇਤ ਮਿਲਦਾ ਹੈ ਕਿ ਗ਼ਜ਼ਵਾਹ ਬਨੂ ਕੈਨਕਆ ਹਜ਼ਰਤ ਫ਼ਾਤਮਾ ਦੀ ਵਿਦਾਈ ਦੇ ਬਾਦ ਹੋਇਆ ਸੀ।

ਖ਼ੁਤਬੇ ਦੇ ਅੰਤ ਵਿਚੱ ਇਹ ਸਿਲਸਿਲਾ ਅੱਗੇ ਜਾਰੀ ਰਹਿਣ ਦਾ ਜ਼ਿਕਰ ਫ਼ਰਮਾਉਣ ਦੇ ਬਾਦ ਹਜ਼ੂਰੇ ਅਨਵਰ ਨੇ ਸੰਸਾਰ ਦੇ ਮੌਜੂਦਾ ਹਾਲਾਤਾਂ ਬਾਰੇ ਇਕੱ ਵਾਰ ਫ਼ਿਰ ਦੁਆ ਦੀ ਤਹਰੀਕ ਕਰਦੇ ਹੋਏ ਫ਼ਰਮਾਇਆ ਕਿ ਹਮਾਸ ਅਤੇ ਇਸਰਾਈਲ ਦੀ ਜੰਗ ਅਤੇ ਉਸ ਦੇ ਨਤੀਜੇ ਵਿਚੱ ਮਾਸੂਮ ਫ਼ਲਸਤੀਨੀ ਔਰਤਾਂ, ਬਚਿੱਆਂ ਦੀ ਸ਼ਹਾਦਤਾਂ ਵਧੱਦੀਆਂ ਜਾ ਰਹੀਆਂ ਹਨ। ਜੰਗ ਦੇ ਹਾਲਾਤ ਜਿਸ ਤੇਜ਼ੀ ਨਾਲ ਸਖ਼ਤ ਹੋ ਰਹੇ ਹਨ ਅਤੇ ਇਸਰਾਈਲੀ ਸਰਕਾਰ ਅਤੇ ਵੱਡੀ ਤਾਕਤਾਂ ਜਿਸ ਪਾਲਸੀ ਉੱਤੇ ਅਮਲ ਕਰ ਰਹੀਆਂ ਹਨ। ਉਸ ਨਾਲ ਵਿਸ਼ਵ ਯੁਧੱ ਹੁਣ ਸਾਮ੍ਹਣੇ ਨਜ਼ਰ ਆ ਰਿਹਾ ਹੈ ਕੁਝੱ ਇਸਲਾਮੀ ਦੇਸ਼ਾਂ ਦੇ ਆਗੂ, ਰੂਸ, ਚੀਨ ਅਤੇ ਕੁਝੱ ਪਛੱਮੀ ਵਿਧਵਾਨਾਂ ਨੇ ਵੀ ਇਹ ਕਹਿਣਾ ਅਤੇ ਲਿਖੱਣਾ ਸ਼ੁਰੂ ਕਰ ਦਿੱਤਾ ਹੈ ਕਿ ਇਸ ਜੰਗ ਦਾ ਦਾਇਰਾ ਹੁਣ ਵੱਡਾ ਹੁੰਦਾ ਨਜ਼ਰ ਆ ਰਿਹਾ ਹੈ ਅਤੇ ਜੇਕਰ ਛੇਤੀ ਜੰਗ ਬੰਦੀ ਦੀ ਪਾਲਸੀ ਨ ਬਣਾਈ ਗਈ ਤਾਂ ਸੰਸਾਰ ਦੀ ਤਬਾਹੀ ਹੈ। ਸਭ ਕੁਝੱ ਖ਼ਬਰਾਂ ਵਿਚੱ ਆ ਰਿਹਾ ਹੈ। ਆਪ ਦੇ ਸਾਮ੍ਹਣੇ ਸਾਰੇ ਹਾਲਾਤ ਹਨ। ਇਸ ਲਈ ਅਹਮਦੀਆਂ ਨੂੰ ਦੁਆਵਾਂ ਵਲੱ ਖ਼ਾਸ ਧਿਆਨ ਦੇਣਾ ਚਾਹੀਦਾ ਹੈ। ਆਰਾਮ ਨਾਲ ਨ ਬਹਿਠਣ। ਹਰ ਨਮਾਜ਼ ਵਿਚੱ ਇਕੱ ਸਜਦਾ ਜਾਂ ਘੱਟੋ ਘਟੱ ਕਿਸੇ ਇਕੱ ਨਮਾਜ਼ ਵਿਚੱ ਇਕੱ ਸਜਦਾ ਤਾਂ ਜ਼ਰੂਰ ਇਸ ਲਈ ਅਦਾ ਕਰਨਾ ਚਾਹੀਦਾ ਹੈ। ਉਸ ਵਿਚੱ ਦੁਆ ਕਰਨੀ ਚਾਹੀਦੀ ਹੈ। ਪਛੱਮੀ ਸੰਸਾਰ ਦਾ ਭਾਵੇ ਕਿਸੇ ਵੀ ਦੇਸ਼ ਦਾ ਆਗੂ ਹੋਵੇ। ਉਹ ਇਸ ਮਾਮਲੇ ਵਿਚੱ ਇੰਨਸਾਫ਼ ਨਾਲ ਕੰਮ ਨਹੀਂ ਲੈਣਾ ਚਾਹੁੰਦਾ। ਅਹਮਦੀ ਇਹਨਾਂ ਬਹਿਸਾਂ ਵਿਚੱ ਨ ਪੈਣ ਕਿ ਕਿਸ ਦੇਸ਼ ਦਾ ਆਗੂ ਠੀਕ ਹੈ ਜਾਂ ਗ਼ਲਤ ਹੈ। ਜਦੱ ਤਕੱ ਕੋਈ ਹਿੰਮਤ ਨਾਲ ਜੰਗ ਬੰਦੀ ਦੀ ਕੋਸ਼ਿਸ਼ ਨਹੀਂ ਕਰਦਾ। ਉਹ ਸੰਸਾਰ ਨੂੰ ਤਬਾਹੀ ਵਲੱ ਲੈ ਜਾਣ ਦਾ ਜ਼ਿੰਮੇਦਾਰ ਹੈ। ਸੋ, ਆਪਣੇ ਮਾਹੌਲ ਵਿਚੱ ਦੁਆਵਾਂ ਨਾਲ

ਇਸ ਗਲੱ ਨੂੰ ਫ਼ੈਲਾਉਣ ਦੀ ਕੋਸ਼ਿਸ਼ ਕਰੋ ਕਿ ਜ਼ੁਲਮ ਨੂੰ ਰੋਕੋ। ਜੇਕਰ ਕਿਸੇ ਅਹਮਦੀ ਦੇ ਕਿਸੇ ਨਾਲ ਸੰਬੰਧ ਹਨ ਤਾਂ ਉਹਨਾਂ ਨੂੰ ਸਮਝਾਉਣ।

ਇਸਰਾਈਲੀ ਕਹਿੰਦੇ ਹਨ ਕਿ ਹਮਾਸ ਨੇ ਸਾਡੇ ਮਾਸੂਮ ਲੋਕਾਂ ਨੂੰ ਮਾਰਿਆ। ਇਸ ਲਈ ਅਸੀਂ ਉਸ ਦਾ ਬਦਲਾ ਲੈਣਗੇ। ਪਰ ਇਹ ਬਦਲਾ ਹੁਣ ਸਾਰੀਆਂ ਹਦਾਂ ਪਾਰ ਕਰ ਗਿਆ ਹੈ। ਇਸਰਾਈਲੀ ਜਾਨਾਂ ਦਾ ਜਿੰਨ੍ਹਾਂ ਨੁਕਸਾਨ ਬਿਆਨ ਕੀਤਾ ਜਾਂਦਾ ਹੈ। ਉਸ ਦੇ ਮੁਕਾਬਲੇ ਉੱਤੇ ਉਸ ਨਾਲੋ ਚਾਰ ਪੰਜ ਗੁਣਾ ਵਧੱ ਫ਼ਲਸਤੀਨੀ ਮਾਸੂਮ ਜਾਨਾਂ ਦਾ ਨੁਕਸਾਨ ਹੋ ਚੁਕਿੱਆ ਹੈ। ਜੇਕਰ ਹਮਾਸ ਨੂੰ ਖ਼ਤਮ ਕਰਨ ਦਾ ਟਾਰਗੇਟ ਹੈ ਤਾਂ ਉਹਨਾਂ ਨਾਲ ਜੰਗ ਕਰਨ ਔਰਤਾਂ ਅਤੇ ਬਚਿੱਆਂ ਨੂੰ ਕਿਉਂ ਨਿਸ਼ਾਨਾ ਬਣਾ ਰਹੇ ਹਨ। ਇੰਝ ਹੀ ਪਾਣੀ, ਖ਼ੁਰਾਕ ਅਤੇ ਇਲਾਜ ਤੋਂ ਵੀ ਵਾਂਝਾ ਕਰ ਦਿੱਤਾ ਹੈ। ਮਨੁਖੱਤਾ ਅਤੇ ਜੰਗੀ ਅਸੂਲਾਂ ਦੇ ਇਹਨਾਂ ਸਰਕਾਰਾਂ ਦੇ ਸਾਰੇ ਦਾਅਵੇ ਇੱਥੇ ਆ ਕੇ ਖ਼ਤਮ ਹੋ ਜਾਂਦੇ ਹਨ ਹਾਂ! ਕੁਝੱ ਲੋਕ ਇਸ ਪਾਸੇ ਧਿਆਨ ਦੁਆਉਂਦੇ ਹਨ। ਜਿਵੇਂ ਪੂਰਵ ਅਮਰੀਕੀ ਸਦਰ ਬਾਰਾਕ ਓਬਾਮਾ ਨੇ ਪਿਛੱਲੀ ਦਿਨੀਂ ਕਿਹਾ ਸੀ ਕਿ ਜੇਕਰ ਜੰਗ ਕਰਨੀ ਹੈ ਤਾਂ ਜੰਗੀ ਅਸੂਲਾਂ ਨੂੰ ਸਾਮ੍ਹਣੇ ਰਖੱਣਾ ਚਾਹੀਦਾ ਹੈ। ਮਾਸੂਮ ਲੋਕਾਂ ਉੱਤੇ ਜ਼ੁਲਮ ਨਹੀਂ ਹੋਣਾ ਚਾਹੀਦਾ। ਯੂ.ਐਨ.ਓ ਦੇ ਜਨਰਲ ਸੈਕਟਰੀ ਵੀ ਬੋਲੇ ਸਨ। ਇਸ ਉੱਤੇ ਇਸਰਾਈਲੀ ਸਰਕਾਰ ਨੇ ਰੌਲਾ ਪਾ ਦਿੱਤਾ ਤਾਂ ਵੱਡੀ ਤਾਕਤਾਂ ਦੇ ਆਗੂ ਜੋ ਆਪਣੇ ਆਪ ਨੂੰ ਅਮਨ ਦਾ ਵੱਡਾ ਚੈਂਪੀਅਨ ਸਮਝਦੇ ਹਨ। ਉਹ ਯੂ.ਐਨ.ਓ ਦੇ ਜਨਰਲ ਸੈਕਟਰੀ ਦੀ ਸਹਿਮਤੀ ਵਿਚੱ ਕੁਝੱ ਨ ਬੋਲੇ, ਸਗੋਂ ਨ-ਪਸੰਦ ਕੀਤਾ। ਹਾਲਾਤ ਖ਼ਰਾਬ ਹਨ ਅਤੇ ਹੋਰ ਖ਼ਰਾਬ ਹੁੰਦੇ ਜਾ ਰਹੇ ਹਨ।

ਪਛੱਮੀ ਮੀਡੀਆ ਇਕੱ ਪਾਸੇ ਦੀਆਂ ਖ਼ਬਰਾਂ ਵਧਾ ਚੜ੍ਹਾ ਕੇ ਦਿੰਦਾ ਹੈ ਅਤੇ ਦੂਜੇ ਪਾਸੇ ਦੀ ਇਕੱ ਕੋਨੇ ਵਿਚੱ ਨਿੱਕੀ ਜਿਹੀ ਖ਼ਬਰ ਦਿੰਦਾ ਹੈ। ਜਿਵੇਂ ਪਿਛੱਲੀ ਦਿਨੀਂ ਆਜ਼ਾਦੀ ਪਾਉਣ ਵਾਲੀ ਇਕੱ ਔਰਤ ਨੇ ਕਿਹਾ ਕਿ ਮੇਰੇ ਨਾਲ ਕੈਦ ਵਿਚੱ ਚੰਗਾ ਸਲੂਕ ਹੋਇਆ ਤਾਂ ਉਸ ਦੀ ਖ਼ਬਰ ਤਾਂ ਇਕੱ ਕੋਨੇ ਵਿਚੱ ਚਲੀ ਗਈ। ਪਰ ਜੋ ਇਹ ਬਿਆਨ ਸੀ ਕਿ ਹਮਾਸ ਦੀ ਕੈਦ ਇਕੱ ਨਰਕ ਸੀ। ਉਸ ਨੂੰ ਵਾਰ ਵਾਰ ਵੱਡੀ ਖ਼ਬਰ ਬਣਾ ਕੇ ਪੈਸ਼ ਕੀਤਾ ਜਾਂਦਾ ਹੈ। ਇੰਨਸਾਫ਼ ਤਾਂ ਇਹ ਹੈ ਕਿ ਸਾਰੇ ਹਾਲਾਤ ਸਾਮ੍ਹਣੇ ਰੱਖੇ ਜਾਣ ਅਤੇ ਫ਼ਿਰ ਸੰਸਾਰ ਨੂੰ ਆਪਣਾ ਫ਼ੈਸਲਾ ਕਰਨ ਦਿੱਤਾ ਜਾਵੇ। ਸੋ, ਇਹਨਾਂ ਹਾਲਾਤਾਂ ਵਿਚੱ ਸਾਨੂੰ ਦੁਆਵਾਂ ਵਲੱ ਬਹੁਤ ਧਿਆਨ ਦੇਣਾ ਚਾਹੀਦਾ ਹੈ।

ਆਪਣੇ ਦਾਇਰੇ ਵਿਚੱ ਦੁਆ ਨਾਲ ਕੋਸ਼ਿਸ਼ ਵੀ ਕਰਨੀ ਚਾਹੀਦੀ ਹੈ। ਮੁਸਲਮਾਨ ਮਜ਼ਲੂਮਾਂ ਲਈ ਦੁਆ ਕਰੋ ਅਤੇ ਮੁਸਲਮਾਨ ਸਰਕਾਰਾਂ ਵੱਲੋਂ ਇਕੱ ਸੰਪੂਰਨ ਅਤੇ ਲੰਮਾ ਮਨਸੂਬਾ ਬੰਦੀ ਬਣਾਏ ਜਾਣ ਲਈ ਵੀ ਦੁਆ ਕਰੋ। ਮੁਸਲਮਾਨਾਂ ਦੇ ਦੁਖੱ ਦੂਰ ਹੋਣ ਲਈ ਸਾਨੂੰ ਇਕੱ ਖ਼ਾਸ ਦਰਦ ਮਹਿਸੂਸ ਕਰਨਾ ਚਾਹੀਦਾ ਹੈ। ਅਸੀਂ ਤਾਂ ਉਸ ਮਸੀਹ ਮੌਊਦ ਦੇ ਮੰਨਣ ਵਾਲੇ ਹਨ ਕਿ ਇਸ ਦੇ ਬਾਦ ਵੀ ਕਿ ਸਾਨੂੰ ਉਹਨਾਂ ਤੋਂ ਦੁਖੱ ਪਹੁੰਚਦੇ ਰਹਿੰਦੇ ਹਨ। ਆਪ ਆਪਣੇ ਫ਼ਾਰਸੀ ਸ਼ੈਅਰ ਵਿਚੱ ਆਪਣੇ ਜਜ਼ਬਾਤਾਂ ਦਾ ਪ੍ਰਕਟਾਵਾ ਇੰਝ ਫ਼ਰਮਾਉਂਦੇ ਹਨ ਕਿ ਹੇ ਦਿਲ! ਤੂੰ ਉਹਨਾਂ ਦਾ ਲਿਹਾਜ਼ ਕਰ, ਆਖ਼ਿਰ ਉਹ ਮੇਰੇ ਪੈਗ਼ੰਬਰ ਦੀ ਮੁਹਬੱਤ ਦਾ ਦਾਅਵਾ ਕਰਦੇ ਹਨ। ਸੋ, ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨਾਲ ਮੁਹਬੱਤ ਦਾ ਤਕਾਦਾ ਹੈ ਕਿ ਅਸੀਂ ਮੁਸਲਮਾਨਾਂ ਲਈ ਖ਼ਾਸ ਦੁਆ ਕਰਨ। ਰਬੱ ਸਾਨੂੰ ਇਸ ਦੀ ਤੌਫ਼ੀਕ ਬਖ਼ਸ਼ੇ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔